**My first step in the world of Blogging**

by Narendra Modi 14. April 2009 14:17



ਦੋਸਤੋ,

ਤੁਹਾਡੇ ਸਭ ਦੀਆਂ ਪਿਆਰ ਭਰੀਆਂ ਬੇਨਤੀਆਂ ਸਦਕਾ ਅੱਜ ਮੈਂ ਬਲੌਗ ਜਗਤ ਵਿੱਚ ਕਦਮ ਰੱਖ ਰਿਹਾ ਹਾਂ.

ਅੱਜ 14 ਅਪ੍ਰੈਲ ਹੈ, ਡਾ.ਬਾਬਾ ਸਾਹਿਬ ਅੰਬੇਦਕਰ ਦੀ 118ਵੀਂ ਜੈਯੰਤੀ ਹੈ. ਸ਼ੋਸ਼ਿਤ, ਪੀੜ੍ਹਤ ਅਤੇ ਵਾਂਝੇ ਵਰਗ ਦੇ ਵਿੱਮਚ ਜਨਮੇਂ ਅਤੇ ਅਨੇਕ ਮੁਸ਼ਕਿਲਾਂ ਨਾਲ ਜੂਝਣ ਵਾਲੇ 'ਪੜ੍ਹੋ, ਸੰਗਠਿਤ ਹੋਵੋ ਅਤੇ ਆਪਣੇ ਹੱਕਾਂ ਦੀ ਰਾਖੀ ਕਰੋ' ਅਜਿਹੇ ਸਕਾਰਾਤਮਕ ਮੰਤਰ ਦੇਣ ਵਾਲੇ ਇਸ ਯੁੱਗ ਪੁਰਸ਼ ਨੂੰ ਮੇਰਾ ਕੋਟਿ ਕੋਟਿ ਪ੍ਰਣਾਮ.

ਅਸੀਂ ਲੋਕਤੰਤਰਿਕ ਭਾਰਤ ਦੇ ਸੰਵਿਧਾਨ ਨਿਰਮਾਤਾ ਦੀ ਜੈਯੰਤੀ ਦੇ ਨਾਲ ਨਾਲ ਲੋਕ ਸਭਾ ਚੋਣਾਂ ਦੇ ਤਿਓਹਾਰ ਦਾ ਆਨੰਦ ਵੀ ਲੁੱਟ ਰਹੇ ਹਾਂ. ਸੰਪੂਰਨ ਜਗਤ ਵਿੱਚ ਭਾਰਤ ਦਾ ਸਥਾਨ ਸਭ ਤੋਂ ਵੱਡੇ ਲੋਕਤੰਤਰ ਦੇ ਰੂਪ ਵਿੱਚ ਸੁਰੱਖਿਅਤ ਹੈ. ਇਸ ਲੋਕਤੰਤਰ ਦਾ ਸਭ ਤੋਂ ਵੱਡਾ ਤਿਓਹਾਰ ਚੋਣਾਂ ਹਨ. ਤਿਓਹਾਰਾਂ ਦੀ ਹੀ ਤਰ੍ਹਾਂ ਚੋਣਾਂ ਵਿੱਚ ਵੀ ਵੱਖ ਵੱਖ ਰੰਗਾਂ ਦਾ ਹੋਣਾ ਸੁਭਾਵਿਕ ਹੈ. ਹਰੇਕ ਦਲ ਅਤੇ ਉਮੀਦਵਾਰ ਦੇ ਆਪਣੇ ਆਪਣੇ ਟੀਚਿਆਂ ਪ੍ਰਤੀ ਸਹਿਜ ਹਨ.

ਇਸ ਦੇਸ਼ ਦੇ ਨਾਗਰਿਕ ਹੋਣ ਨਾਤੇ ਅਤੇ ਵੋਟਰ ਹੋਣ ਦੇ ਨਾਤੇ ਸਾਡਾ ਟੀਚਾ ਇੱਕ ਹੀ ਹੋਣਾ ਚਾਹੀਦਾ ਹੈ, ਭਾਰਤ ਸ਼ਕਤੀਸ਼ਾਲੀ ਬਣਕੇ ਕਿਵੇਂ ਉਭਰੇ? ਭਾਰਤ ਹੋਰ ਜਿਆਦਾ ਖੁਸ਼ਹਾਲ ਕਿਵੇਂ ਬਣੇ? ਸਾਡਾ ਲੋਕਤੰਤਰ ਹੋਰ ਜਿਆਦਾ ਮਜ਼ਬੂਤ, ਪੱਕਾ ਅਤੇ ਸੰਪੂਰਨ ਬਣੇ, ਇਸਨੂੰ ਧਿਆਨ 'ਚ ਰੱਖਦਿਆਂ ਨਾਗਰਿਕ ਦੇ ਰੂਪ ਵਿੱਚ ਆਪਣੇ ਨਿੱਜੀ ਧਰਮ ਦੀ ਪਾਲਣਾ ਜਰੂਰੀ ਕਰੀਏ.

ਰਾਸ਼ਟਰਹਿੱਤ ਦਾ ਭਾਰ ਹਰ ਵੋਟ ਅਧਿਕਾਰ ਰੱਖਣ ਵਾਲੇ ਨਾਗਰਿਕ ਦੇ ਮੋਢਿਆਂ ਉੱਤੇ ਹੋਣਾ ਹੀ ਚਾਹੀਦਾ ਹੈ.

ਦੋਸਤੋ, ਇਸ ਬਲੌਗ ਦੇ ਦੁਆਰਾ ਇੱਕ ਦੂਜੇ ਨੂੰ ਜਾਣਨ ਦੀ ਇੱਛਾ ਨਾਲ ਵਿਭਿੰਨ ਦ੍ਰਿਸ਼ਟੀਕੋਣ ਤੋਂ ਸ਼ਾਂਤਮਈ ਤਰੀਕੇ ਨਾਲ ਵਿਚਾਰ ਵਟਾਂਦਰਾ ਕਰੀਏ, ਤਾਂ ਇੱਕ ਸਮੂਹਿਕ ਵਿਚਾਰ, ਚੇਤਨਾ ਅਤੇ ਚਿੰਤਨ ਦਾ ਆਨੰਦ ਪ੍ਰਾਪਤ ਹੋਵੇਗਾ. ਤਾਹੀਂ ਇਸਨੂੰ ਮੂਰਤ ਰੂਪ ਦੇ ਤੌਰ ਵੇਖਣ ਵਿੱਚ ਸਭ ਦੀ ਮੱਦਦ ਮਿਲੇਗੀ.

* ਇਕਾਂਗੀ ਵਿਚਾਰ, ਸਰਵ-ਅੰਗੀ ਬਣੇ.

* ਆਤਮ ਦੀ ਗਤੀ, ਸਭ ਦੀ ਬਣ ਅੱਗੇ ਵੱਧੇ.

* ਮੇਰਾ ਸਭ ਚੰਗਾ ਹੋਵੇ ਦੇ ਸਥਾਨ ਉੱਤੇ ਸਭ ਦਾ ਚੰਗਾ ਹੋਵੇ ਅਜਿਹਾ ਮਾਹੌਲ ਤਿਆਰ ਹੋਵੇ.

ਦੋਸਤੋ, ਹੁਣ ਅਸੀਂ ਮਿਲਦੇ ਹੀ ਰਹਿਣਾ ਹੈ, ਵਿਚਾਰਾਂ ਦਾ ਆਦਾਨ ਪ੍ਰਦਾਨ ਕਰਦੇ ਰਹਿਣਾ ਹੈ. ਅੱਜ ਦੇ ਲਈ ਕੇਵਲ ਐਨਾ ਹੀ.

ਤੁਹਾਡਾ ਆਪਣਾ.



Copyright © 2009 NarendraModi.com